# Barnebøker for Norge

barneboker.no

## ਖਲਾਈ ਪੌਦਿਆਂ ਨਾਲ ਗੱਲਬਾਤ ਕਰਦੀ ਹੈ / Khalai snakkar med plantene

Skrevet av: Ursula Nafula
Illustret av: Jesse Pietersen
Oversatt av: Anu Gill (pa), Espen Stranger-Johannessen, Martine Rørstad Sand (nn)

Denne fortellingen kommer fra African Storybook (africanstorybook.org) og er videreformidlet av Barnebøker for Norge (barneboker.no), som tilbyr barnebøker på mange språk som snakkes i Norge.

Dette verket er lisensiert under en Creative Commons
Navngivelse 4.0 Internasjonal Lisens.
https://creativecommons.org/licenses/by/4.0/deed.no

# ਖਲਾਈ ਪੌਦਿਆਂ ਨਾਲ ਗੱਲਬਾਤ ਕਰਦੀ ਹੈ

## Khalai snakkar med plantene



Ursula Nafula
Jesse Pietersen
Anu Gill
panjabi / nynorsk
nivå 2



ਇਹ ਖਲਾਈ ਹੈ। ਉਹ ਸੱਤ ਸਾਲ ਦੀ ਹੈ। ਉਸਦੀ ਭਾਸ਼ਾ, ਲੁਬੁਕੁਸੁ ਵਿੱਚ, ਉਸਦੇ ਨਾਮ ਦਾ ਮਤਲਬ ‘ਚੰਗਾ’ ਹੈ।

. . .

Dette er Khalai. Ho er sju år gammal. Namnet hennar tyder “den gode” på språket hennar, lubukusu.



ਖਲਾਈ ਜਾਗ ਕੇ ਸੰਤਰੇ ਦੇ ਰੁੱਖ ਨਾਲ ਗੱਲਬਾਤ ਕਰਦੀ ਹੈ। “ਸੰਤਰੇ ਦੇ ਰੁੱਖ, ਕਿਰਪਾ ਕਰਕੇ ਵੱਡੇ ਹੋ ਕੇ ਸਾਨੂੰ ਬਹੁਤ ਸਾਰੇ ਪੱਕੇ ਸੰਤਰੇ ਦਿਓ।”

. . .

Khalai vaknar opp og snakkar med appelsintreet. “Ver så snill, appelsintre, veks deg stor og gje oss mange modne appelsinar.”



ਖਲਾਈ ਸਕੂਲ ਨੂੰ ਚੱਲ ਕੇ ਜਾਂਦੀ ਹੈ। ਰਾਹ ਵਿੱਚ, ਉਹ ਘਾਹ ਨਾਲ ਗੱਲਬਾਤ ਕਰਦੀ ਹੈ। “ਘਾਹ, ਕਿਰਪਾ ਕਰਕੇ ਤੁਸੀਂ ਹੋਰ ਹਰਿਆਲੀ ਪਾਉ ਅਤੇ ਸੁੱਕ ਨਾ ਜਾਇਓ।”

. . .

Khalai går til skulen. På vegen snakkar ho med graset. “Ver så snill, gras, veks grønare og ikkje tørk ut.”





“ਸੰਤਰੇ ਅਜੇ ਵੀ ਹਰੇ ਹਨ,” ਖਲਾਈ ਨੇ ਹਉਕਾ ਲਿਆ। “ਮੈਂ ਤੁਹਾਨੂੰ ਕੱਲ੍ਹ ਨੂੰ ਵੇਖਾਂਗੀ, ਸੰਤਰੇ ਦੇ ਰੁੱਖ,” ਖਲਾਈ ਕਹਿੰਦੀ ਹੈ। “ਸ਼ਾਇਦ ਫਿਰ ਤੁਹਾਡੇ ਕੋਲ ਮੇਰੇ ਲਈ ਪੱਕਾ ਸੰਤਰਾ ਹੋਵੇਗਾ!”

. . .

“Appelsinane er enno grøne”, sukkar Khalai. “Vi sest i morgon, appelsintre”, seier Khalai. “Kanskje du har ein moden appelsin til meg då!”



ਖਲਾਈ ਸਕੂਲ ਤੋਂ ਵਾਪਸ ਆਕੇ, ਸੰਤਰੇ ਦੇ ਰੁੱਖ ਨੂੰ ਮਿਲਦੀ ਹੈ। “ਕੀ ਤੁਹਾਡੇ ਸੰਤਰੇ ਹੁਣ ਪੱਕੇ ਹਨ?” ਖਲਾਈ ਪੁੱਛਦੀ ਹੈ।

. . .

Når Khalai kjem heim frå skulen, vitjar ho appelsintreet. “Er appelsinane dine modne enno?” spør Khalai.





ਖਲਾਈ ਜੰਗਲੀ ਫੁੱਲਾਂ ਕੋਲ ਲੰਘਦੀ ਹੈ। “ਫੁੱਲ, ਕਿਰਪਾ ਕਰਕੇ ਤੁਸੀਂ ਖਿੜੇ ਰਹੋ ਤਾਂ ਕੇ ਮੈਂ ਤੁਹਾਨੂੰ ਆਪਣੇ ਵਾਲਾਂ ਵਿੱਚ ਸਜਾ ਸਕਾਂ।”

. . .

Khalai går forbi ville blomar. “Ver så snill, blomar, hald fram å blomstra så eg kan setja blomar i håret.”



ਸਕੂਲ ਵਿੱਚ, ਖਲਾਈ ਆਂਗਣ ਦੇ ਵਿਚਕਾਰ ਰੁੱਖ ਨਾਲ ਗੱਲਬਾਤ ਕਰਦੀ ਹੈ। “ਰੁੱਖ, ਕਿਰਪਾ ਕਰਕੇ ਵੱਡੀਆਂ ਟਾਹਣੀਆਂ ਉਗਾਓ ਤਾਂ ਕੇ ਅਸੀਂ ਤੁਹਾਡੀ ਛਾਂ ਵਿੱਚ ਪੜ੍ਹ ਸਕੀਏ।”

. . .

På skulen snakkar Khalai med treet midt i skulegarden. “Ver så snill, tre, voks ut store greiner såg vi kan lesa under skuggen din.”





ਖਲਾਈ ਸਕੂਲ ਦੇ ਆਲੇ ਦੁਆਲੇ ਝਾੜੀਆਂ ਦੀ ਵਾੜ ਨਾਲ ਗੱਲਬਾਤ ਕਰਦੀ ਹੈ। “ਕਿਰਪਾ ਕਰਕੇ ਮਜ਼ਬੂਤ ਬਣੋ ਅਤੇ ਬੁਰੇ ਲੋਕਾਂ ਨੂੰ ਅੰਦਰ ਆਉਣ ਤੋਂ ਰੋਕੋ।”

. . .

Khalai snakkar med hekken rundt skulen sin. “Ver så snill, veks deg stor og stopp uvedkomande frå å koma inn.”